THE PUNJAB STATE BOARD OF TECHNICAL
EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


No :PSBTE/Exam/Jan -22/ 2864                                                  Dated: 6/1/2022

ਵੱਲ

ਪ੍ਰਿੰਸੀਪਲ
ਸਮੂਹ ਪਾਲੀਟੈਕਨਿਕ ਅਤੇ ਫਾਰਮੇਸੀ ਸੰਸਥਾਂਵਾਂ
ਪੰਜਾਬ ਅਤੇ ਚੰਡੀਗੜ੍ਹ।

**Subject:** ਜਨਵਰੀ 2022 ਦੀ ਪ੍ਰੀਖਿਆ Blend Mode (Online+Offline) ਦੀ ਥਾਂ ਤੇ ਸਿਰਫ ਆਨ ਲਾਈਨ ਮੋਡ ਰਾਹੀਂ ਕੰਡਕਟ ਕਰਵਾਉਣ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ COVID -19 ਸਬੰਧੀ ਪੰਜਾਬ ਸਰਕਾਰ ਦੀ ਜਾਰੀ ਹਦਾਇਤਾਂ ਦੇ ਸਨਮੁੱਖ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਦੇ ਸਨਮੁੱਖ ਜਨਵਰੀ 2022 ਦੀ ਪ੍ਰੀਖਿਆ ਸਮੂਹ ਸਮੈਸਟਰਾਂ/ਸਲਾਨਾ ਕੋਰਸਾਂ ਲਈ Blend Mode (Online+Offline) ਦੀ ਥਾਂ ਤੇ ਸਿਰਫ ਆਨ ਲਾਈਨ ਮੋਡ ਰਾਹੀਂ ਕੰਡਕਟ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

1. ਜਨਵਰੀ 2022 ਦੀ ਪ੍ਰੀਖਿਆਵਾਂ ਮਿਤੀ 11.01.2022 ਤੋਂ ਸ਼ੁਰੂ ਹੋ ਰਹੀਆਂ ਹਨ, ਜੋਕਿ ਸਿਰਫ ਆਨ ਲਾਈਨ ਮੋਡ ਰਾਹੀਂ ਕੰਡਕਟ ਕਰਵਾਈ ਜਾ ਰਹੀ ਹੈ, ਸਬੰਧੀ ਹੇਠ ਦਰਸਾਏ ਅਨੁਸਾਰ ਪੈਟਰਨ ਅਤੇ instructions ਤਿਆਰ ਕੀਤੀਆਂ ਗਈਆਂ ਹਨ:
   - i. ਸਮੂਹ ਵਿਦਿਆਰਥੀਆਂ ਵਲੋਂ ਆਨ ਲਾਈਨ ਮੋਡ ਰਾਹੀ ਪੇਪਰ ਦੇਣੇ ਹਨ ਅਤੇ ਉਹ A4 size ਦਾ ਪੇਪਰ ਉਤੱਰ ਕਾਪੀ ਦੇ ਤੌਰ ਤੇ use ਕਰਨਗੇ ਅਤੇ drawing subject ਦਾ ਪੇਪਰ ਮਾਰਕੀਟ ਵਿੱਚ ਉਪਲਬੱਧ white Chart paper ਤੇ ਦੇਣਗੇ। ਇੱਕ ਵਿਸ਼ੇ ਦੇ ਪੇਪਰ ਲਈ A4 size ਦੀ Maximum 08 ਸੀਟਾਂ (single side) ਤੋਂ ਵੱਧ ਦੀ ਵਰਤੋਂ allowed ਨਹੀਂ ਹੋਵੇਗੀ ।ਜੇਕਰ ਕਿਸੇ ਵਿਦਿਆਰਥੀ ਨੇ 8 ਪੰਨੇ ਤੋ ਵੱਧ ਪੰਨੇ ਵਰਤੇ ਗਏ ਹਨ ਤਾਂ ਉਸ ਦੀ ਉਤਰ ਕਾਪੀ ਦੇ ਪਹਿਲੇ 8 ਪੰਨੇ ਹੀ evaluate ਕੀਤੇ ਜਾਣਗੇ। ਸਾਰੀ ਵਰਤੋਂ ਕੀਤੀ ਸ਼ੀਟਾਂ ਤੇ ਵਿਦਿਆਰਥੀ ਵਲੋਂ page numbering ਅਤੇ ਹਰ ਸ਼ੀਟ ਤੇ signature ਕੀਤੇ ਜਾਣਗੇ। ਪ੍ਰੀਖਿਆ ਲਈ ਵਰਤੀ ਜਾਣ ਵਾਲੀ A4 size ਦੀ ਸ਼ੀਟ ਦਾ ਨਮੂਨਾ ਇਸ ਪੱਤਰ ਨਾਲ ਨੱਥੀ ਕੀਤਾ ਜਾ ਰਿਹਾ ਹੈ।
   - ii. ਜੇਕਰ ਵਿਦਿਆਰਥੀ ਵਲੋ ਭੇਜੀ ਗਈ ਉਤੱਰ ਕਾਪੀ ਸਹੀ ਫੈਰਮੇਟ ਵਿੱਚ ਨਹੀ ਹੈ ਜਾਂ readable ਨਹੀ ਹੈ ਤਾਂ ਵਿਦਿਆਰਥੀ ਨੂੰ ਕਿਹਾ ਜਾਵੇ ਕਿ ਆਪਣੀ ਉਤੱਰ ਕਾਪੀ (hard copy) ਪੇਪਰ ਖਤਮ ਹੋਣ ਉਪਰੰਤ ਪ੍ਰੀਖਿਆ ਕੇਂਦਰ ਵਿੱਚ ਜਮਾਂ ਕਰਵਾਈ ਜਾਵੇ। ਇਸ ਦੇ ਨਾਲ ਹੀ invigilator ਵਲੋ ਕਾਪੀ ਤਸਦੀਕ ਕਰਨਾ ਅਤੇ ਈ ਮੇਲ ਰਾਹੀ ਭੇਜੀ ਉਤੱਰ ਕਾਪੀ ਨਾਲ ਮਿਲਾਨ ਕਰਨਾ ਵੀ ਯਕੀਨੀ ਬਣਇਆ ਜਾਵੇ।
   - iii. ਜੇਕਰ ਪ੍ਰੀਖਿਆ ਕੇਂਦਰਾਂ ਤੋ ਪ੍ਰਾਪਤ ਉਤੁੱਰ ਕਾਪੀ readable ਨਹੀ ਹੈ ਤਾਂ ਉਸ ਵਿਦਿਆਰਥੀ ਦੇ ਉਸ ਵਿਸ਼ੇ ਵਿੱਚ ZERO marks ਲਗਾਏ ਜਾਣਗੇ ਅਤੇ ਇਸ ਦੀ ਪੁਰੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਮੁੱਖੀ ਦੀ ਹੋਵੇਗੀ।

iv. ਸੰਸਥਾਂ ਵਲੋਂ ਇਹ ਸੁਨਿਸ਼ਚਤ ਬਣਾਇਆ ਜਾਵੇਗਾ ਕਿ ਆਨ ਲਾਈਨ ਪੇਪਰ ਦੇਣ ਵਾਲੇ ਵਿਦਿਆਰਥੀਆਂ ਨੂੰ ਪੇਪਰ ਮੇਲ ਕਰਨ ਅਤੇ ਉੱਤਰ ਕਾਪੀ ਪ੍ਰਾਪਤ ਹੋਣ ਉਪਰੰਤ ਇਸ ਦਾ ਪ੍ਰਿੰਟ ਕਰਨ ਆਦਿ ਲਈ ਲੋੜੀਦਾਂ infrastructure ਮੌਜੂਦ ਹੋਵੇ।

v. ਸੰਸਥਾਂ ਵਲੋਂ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਵੇਗਾ ਕਿ ਪ੍ਰੀਖਿਆ ਖਤਮ ਹੋਣ ਤੋਂ ਬਾਅਦ ਵਿਦਿਆਰਥੀ ਜੋ ਉੱਤਰ ਕਾਪੀ ਸੰਸਥਾਂ ਨੂੰ ਭੇਜਣਗੇ ਉਹ PDF format ਵਿੱਚ ਹੋਵੇ। ਵਿਦਿਆਰਥੀ ਵਲੋਂ ਉੱਤਰ ਕਾਪੀ ਦਾ ਨਾਮ (file name ਲਈ) class subject code registration number (for example ਜੇਕਰ ਵਿਦਿਆਰਥੀ ਨੇ 6th ਸਮੈਸਟਰ ਦਾ 5132 ਕੋਡ ਦਾ ਪੇਪਰ ਦੇਣਾ ਹੈ ਅਤੇ ਉਸ ਦਾ registration number 160095110193 ਹੈ ਤਾਂ ਉਸ ਦੀ ਉਤਰ ਕਾਪੀ ਦਾ file name 65132160095110193 ਹੋਵੇਗਾ। ਦਰਸਾਏ ਗਏ example ਅਨੁਸਾਰ file name ਕੁਲ 17 digits ਦਾ ਹੀ ਹੋਣਾ ਚਾਹੀਦਾ ਹੈ।

vi. Invigilator ਵਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਘਰ ਬੈਠ ਕੇ ਪੇਪਰ ਦੇਣ ਵਾਲੇ ਵਿਦਿਆਰਥੀ ਵਲੋਂ ਆਪਣੀ ਉਤਰ ਕਾਪੀ ਦਾ File name ਉਪਰੋਕਤ ਦਰਸਾਏ ਉਦਾਹਰਨ ਅਨੁਸਾਰ ਸਹੀ ਰੱਖਿਆ ਗਿਆ ਹੈ। ਜੇਕਰ ਵਿਦਿਆਰਥੀ ਵਲੋਂ ਭੇਜੀ ਉੱਤਰ ਕਾਪੀ ਦਾ File name ਸਹੀ ਨਹੀਂ ਹੈ ਤਾਂ Invigilator ਵਲੋਂ ਵਿਦਿਆਰਥੀ ਦੇ particulars check ਕਰਨ ਉਪਰੰਤ ਉਸ ਦੀ ਉੱਤਰ ਕਾਪੀ ਦਾ File name rename ਕਰਦੇ ਹੋਏ ਸਹੀ ਕਰਨਾ ਯਕੀਨੀ ਬਣਾਇਆ ਜਾਵੇਗਾ।

vii. ਆਨ ਲਾਈਨ ਮੋਡ ਰਾਹੀ ਪੇਪਰ ਦੇਣ ਵਾਲੇ ਵਿਦਿਆਰਥੀਆਂ ਲਈ ਰੂਲਾਂ ਮੁਤਾਬਿਕ 30 ਵਿਦਿਆਰਥੀਆਂ ਪਿਛੇ 01 Invigilator ਲਗਾਇਆ ਜਾਵੇਗਾ। ਉਸ Invigilator ਵਲੋਂ zoom App, webEx, Google Meet etc. ਰਾਹੀਂ video conferencing ਰਾਹੀਂ ਵਿਦਿਆਰਥੀਆਂ ਤੇ check ਰੱਖਿਆ ਜਾਵੇਗਾ। ਆਨ ਲਾਈਨ ਮੋਡ ਰਾਹੀ ਪੇਪਰ ਦੇਣ ਵਾਲੇ ਵਿਦਿਆਰਥੀ ਆਪਣੀ live location invigilator ਦੇ ਨਾਲ share ਕਰਣਗੇ ਅਤੇ invigilator ਵਲੋ ਇਹ ਯਕੀਨੀ ਬਣਾਇਆ ਜਾਵੇਗਾ ਕਿ ਇੱਕ location ਵਿੱਚ ਇੱਕ ਤੋਂ ਜ਼ਿਆਦਾ ਵਿਦਿਆਰਥੀ ਪੇਪਰ ਨਾ ਦੇ ਰਹੇ ਹੋਣ।

viii. ਆਨ ਲਾਈਨ ਮੋਡ ਰਾਹੀਂ ਪ੍ਰੀਖਿਆ ਕੰਡਕਟ ਕਰਵਾਏ ਜਾਣ ਵਾਲੇ ਪੇਪਰ ਦਾ duration 01:15 ਘੰਟੇ ਦਾ ਹੋਵੇਗਾ ਅਤੇ ਇਸ ਤੋਂ ਇਲਾਵਾ ਵਿਦਿਆਰਥੀ ਨੂੰ ਉੱਤਰ ਕਾਪੀ ਸਕੈਨ ਕਰਕੇ ਭੇਜਣ ਲਈ 30 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਵੇਗਾ। ਇੱਕ ਦਿਨ ਵਿੱਚ ਦੋ ਸ਼ਿਫਟਾਂ ਵਿੱਚ ਪੇਪਰ ਕੰਡਕਟ ਕਰਵਾਏ ਜਾਣਗੇ। ਸਵੇਰ (Morning) ਦੀ ਸ਼ਿਫਟ ਦਾ ਸਮਾਂ 09:30 A.M ਤੋਂ 11:15 A.M (ਪੇਪਰ ਦਾ ਸਮਾਂ 01:15 Hrs ਅਤੇ 30 ਮਿੰਟ ਦਾ ਸਮਾਂ ਉਤਰ ਕਾਪੀ ਸਕੈਨ ਕਰਨ ਅਤੇ ਮੇਲ ਕਰਨ ਲਈ) ਅਤੇ ਦੁਪਹਿਰ (Afternoon) ਦੀ ਸ਼ਿਫਟ ਦਾ ਸਮਾਂ 12:30 P.M ਤੋਂ 02:15 P.M (ਪੇਪਰ ਦਾ ਸਮਾਂ 01:15 Hrs ਅਤੇ 30 ਮਿੰਟ ਦਾ ਸਮਾਂ ਉਤਰ ਕਾਪੀ ਸਕੈਨ ਕਰਨ ਅਤੇ ਮੇਲ ਕਰਨ ਲਈ) ਰੱਖਿਆ ਗਿਆ ਹੈ। ਪਹਿਲਾ offline mode ਦੇ ਵਿੱਚ ਸ਼ਾਮ ਦੀ ਸ਼ਿਫਟ ਦਾ ਸਮਾਂ 01:30 P.M to 04:30 P.M ਹੁੰਦਾ ਸੀ। ਸ਼ਾਮ ਦੀ ਸ਼ਿਫਟ ਦਾ ਸਮਾਂ ਜਲਦ ਇਸ ਲਈ ਕਰ ਦਿੱਤਾ ਗਿਆ ਹੈ ਤਾਂ ਜੋਂ invigilators ਨੂੰ ਵਿਦਿਆਰਥੀਆਂ ਤੋਂ ਪ੍ਰਾਪਤ ਉਤਰ ਕਾਪੀਆਂ ਨੂੰ ਪ੍ਰਿੰਟ ਕਰਨ ਲਈ ਵੱਧ ਸਮਾਂ ਮਿਲ ਸਕੇ।ਸਵੇਰ (Morning) ਦੀ ਸ਼ਿਫਟ ਲਈ ਬੋਰਡ ਵਲੋਂ ਸੰਸਥਾਂਵਾਂ ਨੂੰ ਸਵੇਰ (Morning) 09:05 A.M ਤੇ ਪ੍ਰਸ਼ਨ ਪੱਤਰ ਭੇਜਿਆ ਜਾਵੇਗਾ ਅਤੇ ਸੰਸਥਾਂਵਾਂ ਵਲੋਂ ਘਰ ਬੈਠ ਕੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਨੂੰ 09:20 A.M ਤੇ ਪੇਪਰ ਭੇਜਿਆ ਜਾਵੇਗਾ ਅਤੇ ਸ਼ਾਮ ਦੀ ਸ਼ਿਫਟ ਲਈ ਇਹ ਸਮਾਂ ਸੰਸਥਾਂ ਵਾਸਤੇ 12:05 P.M ਅਤੇ ਘਰ ਬੈਠ ਕੇ ਪੇਪਰ ਦੇ ਰਹੇ ਵਿਦਿਆਰਥੀਆਂ ਨੂੰ ਪੇਪਰ ਭੇਜਣ ਲਈ 12:20 P.M ਹੋਵੇਗਾ।

ix. ਬੋਰਡ ਦਫਤਰ ਵਲੋਂ ਸੰਸਥਾਂਵਾਂ ਨੂੰ online Question paper ਭੇਜਿਆ ਜਾਵੇਗਾ। ਇਸ ਤੋਂ ਬਾਅਦ ਸੰਸਥਾਂ ਵਲੋਂ ਤਿਆਰ ਕੀਤੇ ਗਏ ਡਾਟਾ ਅਨੁਸਾਰ ਵਿਦਿਆਰਥੀਆਂ ਨੂੰ Question paper ਭੇਜਿਆ ਜਾਵੇਗਾ।

x. ਪੇਪਰ ਖਤਮ ਹੋਣ ਤੋਂ ਬਾਅਦ ਵਿਦਿਆਰਥੀ ਆਪਣੀ ਉੱਤਰ ਕਾਪੀ ਨੂੰ ਸਕੈਨ ਕਰਕੇ ਆਪਣੀ ਸੰਸਥਾਂ ਦੇ invigilator ਨੂੰ ਭੇਜਣਗੇ।ਵਿਦਿਆਰਥੀਆਂ ਵਲੋਂ ਸਕੈਨ ਕਰਕੇ ਭੇਜੀ ਗਈ ਉੱਤਰ ਕਾਪੀ ਵਿਦਿਆਰਥੀ ਦੀ ਆਪਣੀ handwriting ਵਿੱਚ ਹੋਵੇ ਅਤੇ readable ਹੋਣੀ ਚਾਹੀਦੀ ਹੈ ਅਤੇ ਜੇਕਰ ਉੱਤਰ ਕਾਪੀ readable ਨਾ ਹੋਈ ਤਾਂ ਉਤਰ ਕਾਪੀ evaluate ਨਹੀਂ ਕਰਵਾਈ ਜਾਵੇਗੀ ਅਤੇ ਉਸ ਵਿਦਿਆਰਥੀ ਦਾ ਰਿਜਲਟ ਘੋਸ਼ਿਤ ਨਹੀਂ ਕੀਤਾ ਜਾਵੇਗਾ।ਜੇਕਰ ਵਿਦਿਆਰਥੀ ਦੀ ਉੱਤਰ ਕਾਪੀ ਉਸ ਦੀ ਆਪਣੀ handwriting ਵਿੱਚ ਨਹੀਂ ਪਾਈ ਜਾਂਦੀ ਤਾਂ ਇਸ ਕੇਸ ਨੂੰ UMC treat ਕਰਦੇ ਹੋਏ ਪੇਪਰ ਰੱਦ ਕਰ ਦਿੱਤਾ ਜਾਵੇਗਾ।

xi. ਜਿਹੜੇ ਵਿਦਿਆਰਥੀਆਂ ਦੀ ਉੱਤਰ ਕਾਪੀ ਪ੍ਰੀਖਿਆ ਖਤਮ ਹੋਣ ਉਪਰੰਤ ਮਿੱਥੇ ਸਮੇਂ ਤਕ (ਪੇਪਰ ਖਤਮ ਹੋਣ ਤੋ 30 ਮਿੰਟ ਤਕ) invigilator ਨੂੰ ਪ੍ਰਾਪਤ ਨਹੀ ਹੁੰਦੀ ਜਾ ਕਿਸੇ ਟੈਕਨੀਕਲ ਕਾਰਨਾ ਕਰਕੇ ਸੰਸਥਾ ਵਿੱਚ ਪ੍ਰਾਪਤ ਨਹੀ ਹੁੰਦੀ ਤਾਂ ਇਹੋ ਜਿਹੇ ਵਿਦਿਆਰਥੀਆਂ ਨੂੰ absent ਸਮਝਿਆ ਜਾਵੇਗਾ।

xii. ਜਿਹੜੀ ਸੰਸਥਾਂਵਾਂ ਦੇ ਪ੍ਰੀਖਿਆ ਸੈਂਟਰ ਬਣਾਏ ਗਏ ਹਨ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰ ਕਾਪੀਆਂ ਦੀ ਪੈਕਿੰਗ ਕਰਦੇ ਸਮੇ ਇਹ ਵਿਸ਼ੇਸ ਧਿਆਨ ਰੱਖਿਆ ਜਾਵੇ ਕਿ ਨੱਥੀ ਕੀਤੇ ਜਾ ਰਹੇ ਹਾਜਰੀ ਚਲਾਨ ਵਿੱਚ ਦਰਸਾਈ ਮਿਤੀ ਅਤੇ ਵਿਸ਼ਾ (subject name/code) ਅਨੁਸਾਰ ਹੀ ਉੱਤਰ ਕਾਪੀਆਂ ਦੀ ਪੈਕਿੰਗ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੇਕਰ ਪੈਕਟ ਵਿੱਚ ਨੱਥੀ ਹਾਜਰੀ ਚਲਾਨ ਵਿੱਚ ਦਰਸਾਏ ਕਿਸੇ ਵਿਦਿਆਰਥੀ ਦੀ ਸਬੰਧਤ ਵਿਸ਼ੇ ਤੋਂ ਇਲਾਵਾ ਕਿਸੇ ਹੋਰ ਵਿਸ਼ੇ ਦੀ ਉੱਤਰ ਕਾਪੀ ਪ੍ਰਾਪਤ ਹੁੰਦੀ ਹੈ ਤਾਂ ਵਿਦਿਆਰਥੀ ਨੂੰ ਉਸ ਵਿਸ਼ੇ ਵਿੱਚ absent ਮੰਨਿਆ ਜਾਵੇਗਾ ਅਤੇ ਇਸ ਦੀ ਪੂਰੀ ਜਿੰਮੇਵਾਰੀ ਸੰਸਥਾ ਦੇ ਮੁੱਖੀ ਦੀ ਹੋਵੇਗੀ।

xiii. ਜਿਹੜੀ ਸੰਸਥਾਂਵਾਂ ਦੇ ਪ੍ਰੀਖਿਆ ਸੈਂਟਰ ਬਣਾਏ ਗਏ ਹਨ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਨਵਰੀ 2022 ਦੀ ਪ੍ਰੀਖਿਆ ਲਈ ਵਰਤੀ ਜਾ ਰਹੀ ਸੰਸਥਾਂ ਦੀ official ਈ ਮੇਲ (ਜਿਸ ਰਾਹੀਂ ਵਿਦਿਆਰਥੀਆਂ ਨੂੰ Question paper ਭੇਜੇ ਜਾਂਦੇ ਹਨ ਅਤੇ ਵਿਦਿਆਰਥੀਆਂ ਵਲੋ ਪ੍ਰੀਖਿਆ ਤੋ ਬਾਅਦ ਸਕੈਨਡ ਉੱਤਰ ਕਾਪੀਆਂ ਈ ਮੇਲ ਕੀਤੀ ਜਾਂਦੀਆਂ ਹਨ) ਦਾ ਪ੍ਰਾਪਤ ਉੱਤਰ ਕਾਪੀਆਂ ਦਾ ਰਿਕਾਰਡ ਅਗਲੀ ਪ੍ਰੀਖਿਆ ਸ਼ੁਰੂ ਹੋਣ ਤਕ ਸੰਭਾਲ ਕੇ ਰੱਖਿਆ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਲੋੜ ਪੈਣ ਤੇ ਇਹ ਰਿਕਾਰਡ ਬੋਰਡ ਦਫਤਰ ਵਿੱਚ ਚੈਕ ਕੀਤਾ ਜਾ ਸਕੇ।

xiv. ਸਸੰਥਾਂ ਵਲੋਂ ਇਨ੍ਹਾਂ ਉਤਰ ਕਾਪੀਆਂ ਦਾ ਪ੍ਰਿੰਟ ਲੈ ਕੇ ਉੱਤਰ ਕਾਪੀਆਂ ਨੂੰ ਨੋਡਲ ਸੈਂਟਰ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।Covid-19 ਮਹਾਂਮਾਰੀ ਦੇ ਕਰਕੇ ਉਤਰ ਕਾਪੀਆਂ ਬੋਰਡ ਦਫਤਰ ਵਿੱਚ ਨਹੀਂ ਮੰਗਵਾਈਆਂ ਜਾਣਗਿਆਂ ਕਿਉਂਕਿ ਇਸ ਮਾਹੌਲ ਵਿੱਚ ਉਤਰ ਕਾਪੀਆਂ ਦੀ ਟਰਾਂਸਪੋਰਟੇਸ਼ਨ ਮੁਸ਼ਿਕਲ ਹੈ, ਇਸ ਕਰਕੇ ਜਿਨ੍ਹਾਂ ਨੋਡਲ ਸੈਂਟਰ ਵਿੱਚ ਉਤਰ ਕਾਪੀਆਂ ਜਮ੍ਹਾਂ ਕਰਵਾਈ ਜਾਣਗੀਆਂ, ਉਸ ਨੋਡਲ ਸੈਂਟਰ ਵਿੱਚ ਹੀ ਇਨ੍ਹਾਂ ਉਤਰ ਕਾਪੀਆਂ ਦੀ ਮਾਰਕਿੰਗ ਕਰਵਾਈ ਜਾਵੇਗੀ। ਇਸ ਤਰ੍ਹਾਂ ਨੋਡਲ ਸੈਂਟਰ ਵਿੱਚ ਹੀ ਮਾਰਕਿੰਗ ਕਰਵਾਉਣ ਨਾਲ ਰਿਜਲਟ ਸਮੇਂ ਸਿਰ ਘੋਸ਼ਿਤ ਕੀਤਾ ਜਾ ਸਕੇਗਾ।

xv. Invigilator ਆਪਣੇ ਅਧੀਨ ਆਉਂਦੇ 30 ਵਿਦਿਆਰਥੀਆਂ ਦੀ Attendance ਲਗਾਉਣਾ ਯਕੀਨੀ ਬਨਾਉਣਗੇ, ਅਤੇ ਇਹ ਵੀ ਧਿਆਨ ਰੱਖਣਗੇ ਜਿਹੜੇ ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਭੇਜਿਆ ਗਿਆ ਹੈ, ਉਨ੍ਹੇ ਹੀ ਵਿਦਿਆਰਥੀਆਂ ਦੀ ਉਤਰ ਕਾਪੀਆਂ ਉਸ ਨੂੰ ਵਾਪਸ ਪ੍ਰਾਪਤ ਹੋ ਗਈਆਂ ਹਨ।

Invigilator ਦੇ ਕੋਲ ਆਪਣੇ ਅਧੀਨ ਆਉਂਦੇ 30 ਵਿਦਿਆਰਥੀਆਂ ਦੇ Mobile No. & Email Address ਮੌਜੂਦ ਹੋਣ।

xvi. ਬੋਰਡ ਵਲੋਂ ਭੇਜੇ ਗਏ Attendance cum Challan Form ਵਿੱਚ Answer Sheet No./File Name ਦਰਸਾਇਆ ਜਾਵੇਗਾ। Invigilator ਵਲੋਂ ਘਰ ਬੈਠ ਕੇ ਪੇਪਰ ਦੇ ਰਹੇ ਵਿਦਿਆਰਥੀਆਂ ਦਾ File Name ਇਸ column ਵਿੱਚ ਭਰਿਆ ਜਾਵੇਗਾ ਅਤੇ ਆਪਣੇ ਪੱਧਰ ਤੇ ਵਿਦਿਆਰਥੀ ਦੀ attendance ਲਗਾਈ ਜਾਵੇਗੀ।

xvii. ਕਿਉਂਜੋ ਇਸ ਵਾਰ ਪ੍ਰੀਖਿਆ ਸਿਰਫ ਆਨ ਲਾਇਨ ਮੋਡ ਰਾਹੀ ਕੰਡਕਟ ਕਰਵਾਈ ਜਾਣੀ ਹੈ, ਇਸ ਲਈ ਜਿਹਨਾ ਪ੍ਰਾਈਵੇਟ ਸੰਸਥਾਵਾਂ ਦੇ ਪ੍ਰੀਖਿਆ ਕੇਂਦਰ ਦੁਸਰੇ ਸਰਕਾਰੀ ਸੰਸਥਾ ਵਿੱਚ ਸਿਫਟ ਕੀਤੇ ਗਏ ਹਨ, ਉਹ ਸੰਸਥਾਵਾਂ ਜਨਵਰੀ 2022 ਦੀ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਆਪਣੇ ਵਿਦਿਆਰਥੀਆਂ ਦੀ ਸਾਰੀ ਡਿਟੇਲ ਬਣਾਏ ਗਏ ਪ੍ਰੀਖਿਆ ਕੇਂਦਰਾਂ ਨੂੰ ਮੁਹਈਆ ਕਰਵਾਉਣੀ ਯਕੀਨੀ ਬਣਾਉਣ।

xviii. ਜੇਕਰ ਕਿਸੇ ਸੰਸਥਾ ਦੇ ਵਿਦਿਆਰਥੀਆਂ ਨੂੰ ਆਨਲਾਈਨ ਮੋਡ ਰਾਹੀ ਪ੍ਰੀਖਿਆ ਦੇਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ ਤਾਂ ਉਹ ਵਿਦਿਆਰਥੀ ਅਗਾਮੀ ਆਉਣ ਵਾਲੀ ਪ੍ਰੀਖਿਆ ਵਿੱਚ ਅਪੀਅਰ ਹੋ ਸਕਦਾ ਹੈ।

xix. ਪ੍ਰੀਖਿਆ ਕੇਂਦਰਾਂ ਵਲੋ ਪੰਜਾਬ ਸਰਕਾਰ ਦੀ ਸਮੇਂ ਸਮੇਂ ਤੇ COVID-19 ਸਬੰਧੀ ਜਾਰੀ ਕੀਤੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਈਆ ਜਾਵੇ ਅਤੇ Social distancing ਦਾ ਧਿਆਨ ਰਖਿਆ ਜਾਵੇ।

xx. **ਪ੍ਰੀਖਿਆ CCTV ਕੈਮਰੇ ਦੀ ਨਿਗਰਾਨੀ ਵਿੱਚ ਕਰਵਾਣੀ ਯਕੀਨੀ ਬਣਾਈ ਜਾਵੇ। ਪ੍ਰੀਖਿਆ ਦੌਰਾਨ CCTV ਕੈਮਰੇ ਦੀ recording external hard disk ਤੇ ਵਖਰੇ ਤੌਰ ਤੇ ਸੰਭਾਲੀ ਜਾਵੇ ਤਾਂ ਜੋ ਲੋੜ ਪੈਣ ਤੇ ਭਵਿੱਖ ਵਿੱਚ ਇਹ ਰਿਕਾਰਡਿੰਗ ਬੋਰਡ ਦਫਤਰ ਵਿੱਚ ਮੰਗਵਾਈ ਜਾ ਸਕੇ। ਇਸ ਤੋ ਇਲਾਵਾ online mode ਰਾਹੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦੀ ਕੀਤੀ invigilation ਦੀ ਰਿਕਾਰਡਿੰਗ ਵੀ ਸੰਭਾਲੀ ਜਾਵੇ।**

3. ਆਨ ਲਾਈਨ ਮੋਡ ਰਾਹੀਂ ਕੰਡਕਟ ਕਰਵਾਈ ਜਾਣ ਲਈ Question Paper ਦੇ ਪੈਟਰਨ ਵਿੱਚ ਹੇਠ ਅਨੁਸਾਰ ਕੁੱਛ ਬਦਲਾਵ ਕੀਤਾ ਗਿਆ ਹੈ।

i. ਆਨ ਲਾਈਨ ਮੋਡ ਰਾਹੀਂ ਬਹੁਤਕਨੀਕੀ/ਫਾਰਮੇਸੀ ਕਾਲਜਾਂ ਦੀ ਕੰਡਕਟ ਕਰਵਾਈ ਜਾਣ ਵਾਲੀ ਪ੍ਰੀਖਿਆ ਦੇ Question Paper. ਦਾ duration of Question Paper 01:15 Hours ਰੱਖਿਆ ਗਿਆ ਹੈ। ਡਿਪਲੋਮਾ ਕੋਰਸਾਂ ਅਤੇ ਫਾਰਮੇਸੀ ਲਈ Question Paper ਦਾ objective type portion ਹਟਾ ਦਿੱਤਾ ਗਿਆ ਹੈ। ਡਿਪਲੋਮਾ ਕੋਰਸਾਂ ਲਈ Question Paper ਦਾ Section-A 15 marks ਦਾ ਅਤੇ Section-B 10 marks ਦਾ ਰੱਖਿਆ ਗਿਆ ਹੈ। ਪ੍ਰਸ਼ਨ ਪੱਤਰ ਦੇ ਦੋਨੋ Section-A & Section-B subjective type ਦੇ ਹੋਣਗੇ ਅਤੇ Question Paper ਦੇ total marks 25 marks ਹੋਣਗੇ। ਫਾਰਮੇਸੀ ਦੇ Question Paper ਦਾ Section-A 16 marks ਦਾ ਅਤੇ Section-B 16 marks ਦਾ ਰੱਖਿਆ ਗਿਆ ਹੈ। ਪ੍ਰਸ਼ਨ ਪੱਤਰ ਦੇ ਦੋਨੋ Section-A ਅਤੇ Section-B subjective type ਦੇ ਹੋਣਗੇ ਅਤੇ Question Paper ਦੇ total marks 32 marks ਹੋਣਗੇ।

ii. ਵਿਦਿਆਰਥੀ ਪੇਪਰ ਦੇਣ ਸਮੇਂ ਉਤਰ ਕਾਪੀ ਦੇ ਪਹਿਲੇ ਪੇਜ ਤੇ ਆਪਣੀ information/particulars ਜਿਵੇਂ ਕਿ Candidate Name,Institute Name, Registration

No.,Subject Name/subject Code Trade, semester/Class, date of exam ਲਿਖਣਾ ਯਕੀਨੀ ਬਨਾਉਣਗੇ।

iii. ਸਮੂਹ ਬਹੁਤਕਨੀਕੀ/ਫਾਰਮੇਸੀ ਸੰਸਥਾਵਾਂ ਨੂੰ question paper ਬੋਰਡ ਦੀ ਈ ਮੇਲ ਆਈ ਡੀ examspsbte.registrar@gmail.com ਤੋ ਪ੍ਰਾਪਤ ਹੋਣਗੇ ਅਤੇ ਜੇਕਰ ਪੇਪਰ ਪ੍ਰਾਪਤ ਹੋਣ ਸਬੰਧੀ ਕੋਈ ਵੀ ਔਕੜ ਪੇਸ਼ ਆਉਂਦੀ ਹੈ ਤਾਂ ਮੋਬਾਇਲ ਨੰਬਰ 9815907766 ਤੇ ਸੰਪਰਕ ਕੀਤਾ ਜਾ ਸਕਦਾ ਹੈ।

4 ਜਨਵਰੀ 2022 ਦੀ ਆਨ ਲਾਈਨ ਮੋਡ ਰਾਹੀ ਕਰਵਾਈ ਜਾ ਰਹੀ ਪ੍ਰੀਖਿਆ ਦੌਰਾਨ ਵਰਤੀ ਗਈ A4 ਸਾਈਜ਼ ਦੇ ਪੇਪਰ ਸਬੰਧੀ ਸਟੇਸ਼ਨਰੀ ਆਦਿ ਦੇ ਖਰਚੇ ਸਬੰਧੀ ਬੋਰਡ ਵਲੋ ਪ੍ਰਵਾਨਿਤ ਰੇਟਾਂ ਤੋ ਇਲਾਵਾ ਵਖਰੇ ਤੌਰ ਤੇ ਕੋਈ ਅਦਾਇਗੀ ਨਹੀ ਕੀਤੀ ਜਾਵੇਗੀ।

5 ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬੋਰਡ ਵਲੋ ਨਿਰਧਾਰਤ ਨਿਯਮਾਂ ਅਨੁਸਾਰ ਹੀ ਜਨਵਰੀ 2022 ਪ੍ਰੀਖਿਆ ਦੌਰਾਨ invigilator ਅਤੇ ਹੋਰ ਸਟਾਫ ਦੀ ਡਿਊਟੀਆਂ ਲਗਾਈਆਂ ਜਾਣ। ਪਿਛਲੀ ਪ੍ਰੀਖਿਆ ਦੌਰਾਨ ਇਹ ਵੇਖਣ ਵਿੱਚ ਆਇਆ ਹੈ ਕਿ ਪ੍ਰੀਖਿਆ ਕੇਦਰਾਂ ਵਲੋ ਆਨ ਲਾਈਨ ਪ੍ਰੀਖਿਆ ਦੌਰਾਨ ਵੀ ਸਟਾਫ ਦੀ ਡਿਊਟੀਆਂ ਆਫ ਲਾਈਨ ਪ੍ਰੀਖਿਆ ਦੀ ਤਰਜ ਤੇ ਹੀ ਲਗਾਈ ਜਾਂਦੀਆਂ ਹਨ ਜਿਵੇ ਕਿ waterman, security guard ਆਦਿ ਦੀ ਡਿਊਟੀਆਂ ਆਨ ਲਾਈਨ ਪ੍ਰੀਖਿਆ ਦੇ ਰਹੇ ਸਿਖਿਆਰਥੀਆਂ ਲਈ ਵੀ ਲਗਾਈ ਜਾਂਦੀਆਂ ਹਨ। ਆਨ ਲਾਈਨ ਪ੍ਰੀਖਿਆ ਦੌਰਾਨ ਲੋੜ ਮੁਤਾਬਿਕ ਸਟਾਫ ਦੀ ਡਿਊਟੀ ਲਗਾਈ ਜਾਵੇ। ਜਿਸ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਵਾਲੇ ਦਿਨ 10 ਜਾ 10 ਤੋ ਘੱਟ ਵਿਦਿਆਰਥੀ ਅਪੀਅਰ ਹੋ ਰਹੇ ਹਨ ਉਸ ਪ੍ਰੀਖਿਆ ਵਾਲੇ ਦਿਨ ਡਿਪਟੀ ਸੁਪਰਡੰਟ ਨਾ ਤੈਨਾਤ ਕੀਤਾ ਜਾਵੇ।

6 ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰ ਕਾਪੀਆਂ ਦੀ ਪੈਕਿੰਗ ਹੇਠ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

| | | |
|---|---|---|
| ਪੀਲੇ ਰੰਗ ਦੇ ਪੈਕਟ | - | ਡਿਪਲੋਮਾ ਕੋਰਸ/ਪੀਟੀਡੀ ਅਤੇ ਸਲਾਨਾ ਕੋਰਸ |
| ਸਫੇਦ ਰੰਗ ਦੇ ਪੈਕਟ | - | ਫਾਰਮੇਸੀ (ਪਹਿਲਾਂ ਅਤੇ ਦੂਸਰਾ ਸਾਲ) |
| ਨੀਲੇ ਰੰਗ ਦੇ ਪੈਕਟ | - | UMC ਕੇਸ |

ਰਜਿਸਟਰਾਰ

PSBTE & IT DIPLOMA EXAM January - 2022 No of attempted sheets-

Semester __________ Subject Code Registration Number_________________________

Student Name___________________________________ Date of Exam______________

Subject Name_______________________ Course Name___________________________

Institute Name ______________________________________________________________

Page No. _______ Student's Signature_____________________